# ਐਮਰਜੈਂਸੀ ਵਿਭਾਗ ਵਿਚ ਆਤਸ਼ਕ ਦਾ ਟੈੱਸਟ

Syphilis Testing in the Emergency Department — Punjabi

ਮਰੀਜ਼ਾਂ ਦੀ ਜਾਣਕਾਰੀ ਲਈ — www.interiorhealth.ca

## ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ:

ਜੋ ਮਰੀਜ਼ ਕੁੱਝ ਮੈਡੀਕਲ ਹਾਲਤਾਂ ਕਾਰਨ ਐਮਰਜੈਂਸੀ ਵਿਚ ਆਉਂਦੇ ਹਨ ਉਨ੍ਹਾਂ ਦੇ ਖ਼ੂਨ ਦੀ ਜਾਂਚ ਲਈ ਬਾਕੀ ਦੇ ਟੈੱਸਟਾਂ ਨਾਲ ਆਤਸ਼ਕ ਦਾ ਟੈੱਸਟ ਵੀ ਸ਼ਾਮਲ ਕੀਤਾ ਜਾਂਦਾ ਹੈ।

ਆਤਸ਼ਕ ਦੀ ਇਨਫ਼ੈਕਸ਼ਨ ਦੇ ਕੋਈ ਲੱਛਣ ਨਜ਼ਰ ਨਾ ਆਉਣ ਕਾਰਨ ਕਈ ਵਿਅਕਤੀ ਟੈੱਸਟ ਨਹੀਂ ਕਰਵਾਉਂਦੇ। ਐਮਰਜੈਂਸੀ ਵਿਭਾਗ ਮਰੀਜ਼ਾਂ ਲਈ ਆਤਸ਼ਕ ਦੇ ਟੈੱਸਟ ਕਰਵਾਉਣ ਦਾ ਵਧੀਆ ਮੌਕਾ ਹੁੰਦਾ ਹੈ ਨਹੀਂ ਤਾਂ ਨਾ ਹੀ ਟੈੱਸਟ ਹੁੰਦਾ ਹੈ ਅਤੇ ਨਾ ਹੀ ਇਲਾਜ।

ਇਹ ਪਤਾ ਕਰਨ ਲਈ ਕਿ ਤੁਹਾਨੂੰ ਆਤਸ਼ਕ ਹੈ ਕਿ ਨਹੀਂ ਇੱਕੋ ਇੱਕ ਤਰੀਕਾ ਹੈ ਕਿ ਆਤਸ਼ਕ ਲਈ ਟੈੱਸਟ ਕੀਤਾ ਜਾਏ। ਆਤਸ਼ਕ ਦਾ ਇਲਾਜ ਕੀਤਾ ਜਾ ਸਕਦਾ ਹੈ ਪਰ ਜੇ ਇਲਾਜ ਨਾ ਕੀਤਾ ਜਾਏ ਤਾਂ ਇਹ ਗੰਭੀਰ ਅਤੇ ਜਾਨ ਦੇ ਖ਼ਤਰੇ ਵਾਲੀ ਇਨਫ਼ੈਕਸ਼ਨ ਬਣ ਸਕਦੀ ਹੈ। ਕਿਰਪਾ ਕਰ ਕੇ ਸਾਨੂੰ ਦੱਸੋ ਜੇ ਤੁਸੀਂ ਆਤਸ਼ਕ ਲਈ ਟੈੱਸਟ ਨਹੀਂ ਕਰਵਾਉਣਾ ਚਾਹੁੰਦੇ।

**ਬੇਸ਼ੱਕ ਤੁਹਾਡੇ ਵਿਚ ਇਨਫ਼ੈਕਸ਼ਨ ਦੇ ਕੋਈ ਲੱਛਣ ਨਹੀਂ ਤਾਂ ਵੀ ਤੁਸੀਂ ਹੋਰਨਾਂ ਨੂੰ ਇਨਫ਼ੈਕਟ ਕਰ ਸਕਦੇ ਹੋ।**

## ਮੈਨੂੰ ਆਪਣੇ ਨਤੀਜੇ ਕਿਵੇਂ ਮਿਲਣਗੇ?

ਜਿਸ ਐਮਰਜੈਂਸੀ ਵਿਭਾਗ ਨੇ ਤੁਹਾਡਾ ਨਮੂਨਾ/ਸੈਂਪਲ ਲਿਆ ਸੀ ਉਸ ਨੂੰ ਫ਼ੋਨ ਨਾ ਕਰੋ। ਉਸ ਕੋਲ ਤੁਹਾਡੇ ਨਤੀਜੇ ਨਹੀਂ ਹੋਣਗੇ।

ਜੇ ਤੁਹਾਡੇ ਨਤੀਜੇ ਨੈਗੇਟਿਵ ਹੋਏ ਤਾਂ ਤੁਹਾਨੂੰ ਸੰਪਰਕ ਨਹੀਂ ਕੀਤਾ ਜਾਏਗਾ। ਤੁਸੀਂ ਆਪਣੇ ਨਤੀਜੇ ਇਸ ਤਰ੍ਹਾਂ ਲੈ ਸਕਦੇ ਹੋ:

- ਆਪਣੇ ਨਤੀਜੇ ਲੈਣ ਲਈ **ਦੋ ਹਫ਼ਤਿਆਂ** ਬਾਅਦ ਇੱਥੇ ਮੁਫ਼ਤ ਫ਼ੋਨ ਕਰੋ: 1-866-778-7736 **ਜਾਂ**
- ਹੈਲਥ ਗੇਟਵੇ ਤੇ ਜਾ ਕੇ: www.healthgateway.gov.bc.ca **ਆਪਣੀ**
- ਆਪਣੀ ਸਿਹਤ ਸੰਭਾਲ ਕਰਨ ਵਾਲੇ ਨਾਲ ਸੰਪਰਕ ਕਰ ਕੇ।

ਜੇ ਤੁਸੀਂ ਸੋਚਦੇ ਹੋ ਕਿ ਤੁਸੀਂ ਆਤਸ਼ਕ ਦੇ ਸੰਪਰਕ ਵਿਚ ਆਏ ਹੋ ਅਤੇ ਇਹ ਤੁਹਾਡੇ ਟੈੱਸਟ ਦੇ ਨਤੀਜਿਆਂ ਵਿਚ ਨਜ਼ਰ ਨਹੀਂ ਆਇਆ ਜਾਂ ਤੁਸੀਂ ਇਹ ਸਮਝਦੇ ਹੋ ਕਿ ਤੁਹਾਡੇ ਵਿਚ ਆਤਸ਼ਕ ਦੇ ਲੱਛਣ ਹਨ ਤਾਂ ਆਪਣੀ ਸਿਹਤ ਸੰਭਾਲ ਕਰਨ ਵਾਲੇ ਨਾਲ ਗਲ ਕਰੋ।

ਜੇ ਤੁਹਾਡਾ ਟੈੱਸਟ ਆਤਸਕ ਲਈ ਪਾਜ਼ਿਟਿਵ ਹੈ:

ਤਾਂ ਤੁਹਾਨੂੰ ਨਰਸ ਸੰਪਰਕ ਕਰੇਗੀ ਜੋ ਤੁਹਾਨੂੰ ਬਾਅਦ ਦੀ ਦੇਖਭਾਲ ਬਾਰੇ ਦੱਸੇਗੀ ਅਤੇ ਜੇ ਤੁਹਾਡੀ ਸਿਹਤ ਸੰਭਾਲ ਕਰਨ ਵਾਲਾ ਹੈ ਤਾਂ ਤੁਹਾਨੂੰ ਉਸ ਨਾਲ ਮਿਲਾਏਗੀ।

## ਹੋਰ ਜ਼ਿਆਦਾ ਜਾਣਕਾਰੀ ਲਈ ਦੇਖੋ:

ਸਮਾਰਟ ਸੈੱਕਸ ਸਰੋਤ:
www.smartsexresource.com

ਇੰਟੀਰੀਅਰ ਹੈਲਥ:
https://www.interiorhealth.ca/syphilis

| | | | |
|---|---|---|---|
| **ਫ਼ੋਨ 8-1-1** | ਨਰਸ | ਦਿਨ ਦੇ 24 ਘੰਟੇ | ਰੋਜ਼ਾਨਾ |
| ਹੈਲਥਲਿੰਕ ਬੀ.ਸੀ. | ਡਾਇਟੀਸ਼ੀਅਨ | ਸੁਭਾ 9 – ਸ਼ਾਮ 5 | ਸੋਮ – ਸ਼ੁੱਕਰ |
| www.healthlinkbc.ca | ਫ਼ਾਰਮਾਸਿਸਟ | ਸ਼ਾਮ 5– ਸੁਭਾ 9 | ਰੋਜ਼ਾਨਾ |
| | ਉੱਚਾ ਸੁਣਨ ਵਾਲੇ | ਫ਼ੋਨ 7-1-1 | |

ਨਰਸ ਨਾਲ ਗਲ ਕਰਨ ਲਈ 811 ਤੇ ਫ਼ੋਨ ਕਰੋ, ਡਾਇਟੀਸ਼ੀਅਨ ਨੂੰ ਖ਼ੁਰਾਕ ਬਾਰੇ ਪੁੱਛੋ, ਜਾਂ ਦਵਾਈ ਬਾਰੇ ਫ਼ਾਰਮਾਸਿਸਟ ਨੂੰ ਪੁੱਛੋ।